# ਭਾਈ ਮਨੀ ਸਿੰਘ
## ਜੀਵਨੀ ਅਤੇ ਰਚਨਾ

ਰਤਨ ਸਿੰਘ ਜੱਗੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ 1983



ਇਸ ਤਰ੍ਹਾਂ ਦੀਆਂ ਕੁਝ ਹੋਰ ਉਥਾਨਿਕਾਵਾਂ ਜਾਂ ਕੁਝ ਹੱਦ ਤਕ ਟੀਕੇ ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜੇ ਗਏ ਹਨ, ਪਰ ਇਹ ਅਸਲੋਂ ਗਿਆਨੀ ਸੰਪ੍ਰਦਾਇ ਦੇ ਕਿਸੇ ਪਰਵਰਤੀ ਕਥਾ-ਕਾਰ ਦੀ ਦੇਣ ਹਨ, ਭਾਈ ਸਾਹਿਬ ਦਾ ਇਨ੍ਹਾਂ ਨਾਲ ਕੋਈ ਸੰਬੰਧ ਪ੍ਰਤੀਤ ਨਹੀਂ ਹੁੰਦਾ। 'ਸ਼ਰਧਾ ਪੂਰਨ ਗ੍ਰੰਥ' ਆਦਿ ਕਈ ਹੋਰ ਰਚਨਾਵਾਂ ਵੀ ਭਾਈ ਮਨੀ ਸਿੰਘ ਨਾਲ ਜੋੜੀਆਂ ਜਾਂਦੀਆਂ ਹਨ, ਪਰ ਉਨ੍ਹਾਂ ਦਾ ਜੰਤ੍ਰ ਮੰਤ੍ਰ ਪ੍ਰਧਾਨ ਕੱਥ ਇਕਦਮ ਭਾਈ ਮਨੀ ਸਿੰਘ ਦੀ ਭਾਵ-ਧਾਰਾ ਨਾਲ ਮੇਲ ਨਹੀਂ ਖਾਂਦਾ।

5. **ਬੀੜਾਂ**

ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਦੋ ਬੀੜਾਂ ਵੀ ਹਨ, ਜਿਨ੍ਹਾਂ ਬਾਰੇ ਇਥੇ ਜਾਣਕਾਰੀ ਦੇਣਾ ਆਵੱਸ਼ਕ ਪ੍ਰਤੀਤ ਹੁੰਦਾ ਹੈ।

**ਦਮਦਮੀ ਬੀੜ :** ਸਿੱਖ ਇਤਿਹਾਸ ਅਤੇ ਰਵਾਇਤਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਜਦੋਂ ਆਨੰਦਪੁਰ ਛਡ ਕੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਪਹੁੰਚੇ ਤਾਂ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਵੀ ਸ਼ਾਮਲ ਕਰਨ ਦਾ ਨਿਸ਼ਚਾ ਕੀਤਾ ਅਤੇ ਆਪਣੀ ਦੇਖ-ਰੇਖ ਵਿਚ ਬੀੜ ਲਿਖਣ ਦਾ ਕੰਮ ਭਾਈ ਮਨੀ ਸਿੰਘ ਨੂੰ ਸੌਂਪਿਆ। ਭਾਈ ਮਨੀ ਸਿੰਘ ਨੇ ਇਹ ਬੀੜ 1762-63 ਬਿ. ਵਿਚ ਮੁਕੰਮਲ ਕੀਤੀ। ਗੁਰੂ ਗੋਬਿੰਦ ਸਿੰਘ ਨੇ ਇਸੇ ਬੀੜ ਨੂੰ ਗੁਰੂ-ਗੱਦੀ ਪ੍ਰਦਾਨ ਕੀਤੀ। ਇਸ ਬੀੜ ਦੀਆਂ ਨਾਲ ਨਾਲ ਕਈ ਨਕਲਾਂ ਤਿਆਰ ਹੋ ਗਈਆਂ, ਪਰ ਮੂਲ ਬੀੜ 1818 ਬਿ. ਵਿਚ ਕੁੱਪਰ ਹੀੜੇ ਦੇ ਵੱਡੇ ਘਲੂਘਾਰੇ ਵਿਚ ਨਸ਼ਟ ਹੋ ਗਈ। ਇਸ ਲਈ ਇਸ ਬੀੜ ਦੀ ਸਹੀ ਸਥਿਤੀ ਅਤੇ ਸਰੂਪ ਬਾਰੇ ਹੁਣ ਕੁਝ ਕਹਿ ਸਕਣਾ ਸਰਲ ਨਹੀਂ ਹੈ।

**ਆਦਿ-ਦਸਮ-ਗ੍ਰੰਥ ਵਾਲੀ ਬੀੜ :** ਇਹ ਉਹ ਬੀੜ ਹੈ ਜਿਸ ਵਿਚ, ਰਵਾਇਤ ਅਨੁਸਾਰ, ਭਾਈ ਮਨੀ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ (ਸਣੇ ਦਸਮ ਗ੍ਰੰਥ ਦੀ ਬਾਣੀ) ਨੂੰ ਪਰੰਪਰਾਗਤ ਰਾਗ-ਕ੍ਰਮ ਦੀ ਥਾਂ ਤੇ ਰਚੈਤਾ-ਕ੍ਰਮ ਅਨੁਸਾਰ ਕਰ ਦਿੱਤਾ। ਫਲਸਰੂਪ ਇਸ ਵਿਚ ਹਰ ਗੁਰੂ ਅਤੇ ਭਗਤ ਦੀ ਬਾਣੀ ਵੱਖਰੀ ਥਾਂ ਤੇ ਇਕੱਠੀ ਦਰਜ ਕੀਤੀ ਗਈ। ਇਹ ਉਹੀ ਬੀੜ ਹੈ ਜਿਸ ਕਾਰਣ ਸੰਗਤ ਨੇ ਭਾਈ ਮਨੀ ਸਿੰਘ ਦੇ ਬੰਦ ਬੰਦ ਕਟੇ ਜਾਣ ਦਾ ਸਰਾਪ ਦਿੱਤਾ ਸੀ।


ਇਸ ਬੀੜ ਸੰਬੰਧੀ ਹੁਣ ਕੋਈ ਤੱਥਕ ਸਾਮਗ੍ਰੀ ਉਪਲਬਧ ਨਹੀਂ, ਪਰ ਹੁਣ ਜੋ ਬੀੜ ਰਾਜਾ ਗੁਲਾਬ ਸਿੰਘ ਸੇਠੀ ਦੇ ਪਰਿਵਾਰ (47 ਹਨੂਮਾਨ ਰੋਡ, ਨਵੀਂ ਦਿੱਲੀ) ਪਾਸ ਸੁਰਖਿਅਤ ਹੈ, ਉਸ ਦਾ ਸੰਬੰਧ ਭਾਈ ਮਨੀ ਸਿੰਘ ਨਾਲ ਜੋੜਿਆ ਜਾਂਦਾ ਹੈ। ਇਸ ਬੀੜ ਬਾਰੇ ਇਕ ਵਾਰ ਰਾਜਾ ਗੁਲਾਬ ਸਿੰਘ ਨਾਲ ਵਿਚਾਰ ਕਰਦਿਆਂ ਉਨ੍ਹਾਂ ਨੇ ਦਸਿਆ ਸੀ ਕਿ ਇਹ ਬੀੜ ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ-ਜਿਤ (1818 ਈ.) ਵੇਲੇ ਕਿਸੇ ਸਿੱਖ ਸੈਨਿਕ ਨੂੰ ਲੁਟ ਵਿਚ ਹੱਥ ਲਗੀ ਸੀ। ਬਾਦ ਵਿਚ ਮਹਾਰਾਜਾ ਸਾਹਿਬ ਨੇ ਉਸ ਸੈਨਿਕ ਨੂੰ ਵੀ ਆਪਣੀ ਸੈਨਿਕ ਟੁਕੜੀ ਨਾਲ ਹੈਦਰਾਬਾਦ (ਦੱਖਣ) ਭੇਜ ਦਿੱਤਾ। ਉਹ ਸੈਨਿਕ ਆਪਣੇ ਨਾਲ ਇਸ ਬੀੜ ਨੂੰ ਲੈਂਦਾ ਗਿਆ। ਉਸ ਦੀ ਸੰਤਾਨ ਸਥਾਈ ਤੌਰ ਤੇ ਹਜ਼ੂਰ ਸਾਹਿਬ ਵਿਚ ਵਸ ਗਈ ਅਤੇ ਇਹ ਬੀੜ ਵੀ ਉਸ ਦੇ ਵਾਰਸਾਂ ਪਾਸ ਉਨ੍ਹਾਂ ਦੇ ਨਿਵਾਸ-ਸਥਾਨ (ਬੁੰਗਾ ਜਮਾਦਾਰ ਪਾਰਾ ਸਿੰਘ, ਹਜ਼ੂਰ ਸਾਹਿਬ) ਵਿਚ ਸੁਰਖਿਅਤ ਰਹੀ।

ਸੰਨ 1944-45 ਈ. ਵਿਚ ਰਾਜਾ ਸਾਹਿਬ ਇਸ ਬੀੜ ਨੂੰ (ਭਾਈ ਮਗਨ ਸਿੰਘ ਤੋਂ) ਖਰੀਦ ਕੇ ਲਾਹੌਰ ਲੈ ਗਏ। ਦੇਸ਼ ਵੰਡ ਤੋਂ ਬਾਦ ਰਾਜਾ ਸਾਹਿਬ ਸਥਾਈ ਤੌਰ ਤੇ ਨਵੀਂ ਦਿੱਲੀ ਵਿਚ ਵਸ ਗਏ ਅਤੇ ਇਹ ਬੀੜ ਵੀ ਉਨ੍ਹਾਂ ਆਪਣੇ ਕੋਲ ਸੁਰਖਿਅਤ ਰਖੀ। ਇਸ ਬੀੜ ਦਾ ਇਸ ਤੋਂ ਪਹਿਲਾਂ ਦਾ ਇਤਿਹਾਸ ਉਪਲਬਧ ਨਹੀਂ ਹੈ। ਪਾਠਕਾਂ ਦੀ ਜਾਣਕਾਰੀ ਲਈ ਇਸ ਦੇ ਮੁੱਢਲੇ ਪਤਰੇ ਦਾ ਫੋਟੋ-ਸਟੈਟ ਸਾਹਮਣੇ ਦਿੱਤਾ ਹੈ।


ਇਸ ਬੀੜ ਵਿਚ 'ਆਦਿ ਗ੍ਰੰਥ' ਅਤੇ 'ਦਸਮ ਗ੍ਰੰਥ' ਦੋਹਾਂ ਦੀਆਂ ਬਾਣੀਆਂ ਸੰਕਲਿਤ ਹਨ, ਪਰ ਇਨ੍ਹਾਂ ਦਾ ਕ੍ਰਮ ਰਾਗਾਨੁਸਾਰ ਨ ਹੋ ਕੇ ਗੁਰੂ-ਭਗਤ ਅਨੁਸਾਰ ਹੈ। ਹਰ ਗੁਰੂ ਅਤੇ ਭਗਤ ਦੀ ਬਾਣੀ ਕ੍ਰਮਾਨੁਸਾਰ ਇਕੱਠੀ ਦਰਜ ਹੈ। ਇਸ ਤੋਂ ਛੁਟ, ਇਸ ਬੀੜ ਵਿਚ 'ਦਸਮ ਗ੍ਰੰਥ' ਦੀ ਬਾਣੀ ਨਾਲ ਸੰਬੰਧਿਤ ਅੱਠ 'ਖਾਸ ਪੱਤਰੇ' ਵੀ ਸੁਰਖਿਅਤ ਹਨ, ਜਿਨ੍ਹਾਂ ਨੂੰ ਦਸਮ ਗੁਰੂ ਦੁਆਰਾ ਲਿਖਿਆ ਦਸਿਆ ਜਾਂਦਾ ਹੈ। ਇਸ ਬੀੜ ਵਿਚ ਕੋਈ ਅਜਿਹਾ ਉਲੇਖ ਨਹੀਂ ਹੈ ਜਿਸ ਨਾਲ ਇਸ ਦੇ ਸੰਕਲਨ-ਕਰਤਾ ਜਾਂ ਸੰਕਲਨ-ਕਾਲ ਦੀ ਕੁਝ ਵਾਕਫੀ ਮਿਲ ਸਕੇ। ਅੰਤ ਵਿਚ ਉਤਾਰੇ ਦਾ ਸੰਮਤ 1770 ਬਿ. ਦਿੱਤਾ ਹੈ, ਪਰ ਵਖਰੇ ਜਿਹੇ ਹੱਥ-ਲੇਖ ਵਿਚ ਹੋਣ ਕਰਕੇ ਸ਼ਕੀ ਪ੍ਰਤੀਤ ਹੁੰਦਾ ਹੈ। ਪਾਠਕਾਂ ਦੇ ਅਵਲੋਕਨ ਅਰਥ ਇਸ ਦਾ ਫੋਟੋ-ਸਟੈਟ ਸਾਹਮਣੇ ਪੰਨੇ ਉਤੇ ਦਿੱਤਾ ਹੈ, ਜਿਸ ਤੋਂ ਇਸ ਦੀ ਲਿਖਾਵਟ ਦਾ ਸਰੂਪ ਬੀੜ ਨਾਲੋਂ ਭਿੰਨ ਲਿਖਿਤ ਵਿਚ ਹੋਣਾ ਸਪੱਸ਼ਟ ਹੋ ਜਾਂਦਾ ਹੈ। ਉਂਜ ਕਾਗਜ਼, ਹਾਸ਼ੀਏ ਦੀ ਬਨਾਵਟ, ਅੱਖਰਾਂ ਦਾ ਸਰੂਪ, ਅੰਤ ਵਿਚ ਦਿੱਤੀ ਸਿਆਹੀ ਦੀ ਵਿਧੀ ਆਦਿ ਗੱਲਾਂ ਇਸ ਬੀੜ ਨੂੰ ਲਗਭਗ 250 ਵਰ੍ਹੇ ਪੁਰਾਤਨ ਸਿੱਧ ਕਰਦੀਆਂ ਹਨ। ਕੁਝ ਇਕ ਥਾਵਾਂ ਨੂੰ ਛਡ ਕੇ ਬਾਕੀ ਸਾਰੀ ਬੀੜ ਇਕੋ ਹੀ ਲਿਖਾਰੀ ਦੀ ਲਿਖੀ ਹੈ। ਇਸ ਬੀੜ ਦੀ ਜਿਲਦ ਚੰਗੀ ਤਰ੍ਹਾਂ ਨਾਲ ਬੰਨ੍ਹੀ ਹੋਈ ਹੈ ਅਤੇ ਉਸ ਉਪਰ ਹਰੇ ਰੰਗ ਦੀ ਮਖਮਲ ਚੜ੍ਹੀ ਹੋਈ ਹੈ। ਪਰ ਵਰਤਮਾਨ ਜਿਲਦ ਇਸ ਦੀ ਮੂਲ ਜਿਲਦ ਨਹੀਂ, ਬਾਦ ਵਿਚ ਸੰਪੂਰਣ ਬੀੜ ਦੇ ਪੁਰਾਣੇ ਪੱਤਰਿਆਂ ਨੂੰ ਕਾਗਜ਼ ਦੇ ਬਾਰਡਰ ਲਗਾ ਕੇ ਫਿਰ ਤੋਂ ਜਿਲਦ ਬੰਨ੍ਹੀ ਗਈ ਹੈ।

ਇਸ ਵਿਚ ਬਾਣੀ ਕ੍ਰਮ ਇਸ ਪ੍ਰਕਾਰ ਹੈ—

| **ਰਚੈਤਾ** | **ਵਿਸ਼ਾ** | **ਪੰਨਾ** |
|---|---|---|
| ਗੁਰੂ ਨਾਨਕ | ਤਤਕਰਾ | 1/ੳ — 5/ੳ |
| | ਸੰਮਤ ਗੁਰੂ ਜੋਤੀ-ਜੋਤਿ ਸਮਾਣੇ ਦੇ | 5/ਅ |
| | ਬਾਣੀ | 6/ਅ — 118/ੳ |
| ਗੁਰੂ ਅਮਰਦਾਸ | ਤਤਕਰਾ | 118/ਅ — 122/ੳ |
| | ਬਾਣੀ | 122/ਅ — 209/ੳ |
| ਗੁਰੂ ਰਾਮਦਾਸ | ਤਤਕਰਾ | 209/ਅ — 214/ੳ |
| | ਬਾਣੀ | 214/ਅ — 303/ੳ |
| ਗੁਰੂ ਅਰਜਨ ਦੇਵ | ਤਤਕਰਾ | 303/ਅ — 318/ੳ |
| | ਬਾਣੀ | 318/ਅ — 528/ਅ |
| ਗੁਰੂ ਤੇਗ ਬਹਾਦਰ | ਤਤਕਰਾ | 529/ਅ — 530/ੳ |
| | ਬਾਣੀ | 530/ਅ — 536/ੳ |



ਭਾਈ ਮਨੀ ਸਿੰਘ ਵਾਲੀ ਬੀੜ ਦਾ ਪਹਿਲਾ ਪੰਨਾ



ਭਾਈ ਮਨੀ ਸਿੰਘ ਵਾਲੀ ਬੀੜ ਦੇ ਸੰਮਤ ਵਾਲਾ ਪੰਨਾ

| | | |
|---|---|---|
| ਦਸਮ ਬਾਣੀ | ਤਤਕਰਾ | 537/ਅ — 539/ੳ |
| | ਜਾਪੁ | 539/ਅ — 541/ਅ |
| | ਬਚਿਤ੍ਰ ਨਾਟਕ | 542/ੳ — 552/ਅ |
| | ਚੰਡੀਚਰਿਤ੍ਰ 1 | 553/ੳ — 562/ੳ |
| | ਚੰਡੀਚਰਿਤ੍ਰ 2 | 562/ਅ — 569/ੳ |
| | ਚੌਬੀਸ ਅਵਤਾਰ | 569/ੳ — 741/ਅ |
| | ਬ੍ਰਹਮਾ ਅਵਤਾਰ | 741/ਅ — 757/ਅ |
| | ਰੁਦ੍ਰਾਵਤਾਰ | 757/ਅ — 785/ਅ |
| | ਸ਼ਸਤ੍ਰ ਨਾਮ ਮਾਲਾ | 786/ਅ — 821/ੳ |
| | ਗਿਆਨ ਪ੍ਰਬੋਧ | 821/ਅ — 829/ੳ |
| | ਅਕਾਲ ਉਸਤਤਿ | 830/ਅ — 838/ੳ |
| | ਵਾਰ ਦੁਰਗਾ ਕੀ | 838/ਅ — 842/ੳ |
| | ਤਤਕਰਾ | 842/ਅ — 846/ੳ |
| | ਚਰਿਤ੍ਰੋਪਾਖਿਆਨ | 846/ਅ — 1029/ੳ |
| ਭਗਤ ਕਬੀਰ | ਬਾਣੀ | 1029/ਅ — 1058/ੳ |
| ਭਗਤ ਨਾਮਦੇਵ | " | 1058/ਅ — 1065/ੳ |
| ਭਗਤ ਰੈਦਾਸ | ਬਾਣੀ | 1065/ਅ — 1069/ਅ |
| ਭਗਤ ਰਾਮਾਨੰਦ | ਬਾਣੀ | 1069/ਅ |
| ਭਗਤ ਜੈ ਦੇਵ | " | 1070/ੳ |
| ਭਗਤ ਤ੍ਰਿਲੋਚਨ | " | 1070/ਅ — 1071/ੳ |
| ਭਗਤ ਧੰਨਾ | " | 1071/ੳ — 1071/ਅ |
| ਭਗਤ ਸੈਣ, ਪੀਪਾ, ਭੀਖਨ, ਸਦਨਾ, ਪਰਮਾਨੰਦ, ਸੂਰਦਾਸ, ਮੀਰਾ ✓ | " | 1072/ੳ — 1073/ੳ |
| ਭਗਤ ਬੇਣੀ | " | 1073/ਅ — 1074/ੳ |
| ਸ਼ੇਖ ਫਰੀਦ | " | 1074/ਅ — 1077/ਅ |
| ਰਾਇ ਬਲਵੰਡ ਦੀ ਵਾਰ | " | 1078/ੳ — 1078/ਅ |
| ਸਦ ਅਤੇ ਸਵੈਯੇ | " | 1079/ੳ — 1088/ਅ |
| ਹਕੀਕਤਿ ਰਾਹ ਮੁਕਾਮ ਰਾਜੇ ✓ | | |
| ਸਿਵਨਾਭ ਕੀ ✓ | ਪਾਠ | 1088/ਅ |
| ਰਾਗਮਾਲ | " | 1089/ੳ |
| ਸਿਆਹੀ ਕੀ ਵਿਧੀ ✓ | " | 1089/ੳ |
| ਜ਼ਫਰਨਾਮਾ (ਫ਼ਾਰਸੀ ਲਿਪੀ) ✓ | " | 1090/ਅ — 1095/ਅ |

ਇਸ ਬੀੜ ਦੀ ਇਕ ਮਹੱਤਵਪੂਰਣ ਵਿਸ਼ੇਸਤਾ ਇਹ ਹੈ ਕਿ ਇਸ ਵਿਚ ਅੱਠ ਖਾਸ

ਪੱਤਰੇ ਵੀ ਸੁਰਖਿਅਤ ਹਨ ਜਿਨ੍ਹਾਂ ਵਿਚ 'ਦਸਮ ਗ੍ਰੰਥ' ਵਿਚਲੀ ਬਾਣੀ ਦੀ ਕਿਸੇ ਨਾ ਕਿਸੇ ਰਚਨਾ ਦਾ ਕੁਝ ਅੰਸ਼ ਅੰਕਿਤ ਹੈ। ਇਹ ਪੱਤਰੇ ਅਜਿਹੀ ਲਿਪੀ ਵਿਚ ਲਿਖੇ ਹਨ, ਜਿਸ ਨੂੰ ਸਾਧਾਰਣ ਗੁਰਮੁਖੀ ਲਿਪੀ ਜਾਣਨ ਵਾਲੇ ਪੜ੍ਹ ਨਹੀਂ ਸਕਦੇ। ਇਸ ਨੂੰ ਆਮ ਤੌਰ ਤੇ 'ਖਾਸ ਲਿਪੀ' ਆਖਿਆ ਜਾਂਦਾ ਹੈ ਅਤੇ ਇਨ੍ਹਾਂ ਪੱਤਰਿਆਂ ਨੂੰ, ਰਵਾਇਤ ਅਨੁਸਾਰ, ਦਸਮ ਗੁਰੂ ਦੇ ਆਪਣੇ ਲਿਖੇ ਮੰਨਿਆ ਜਾਂਦਾ ਹੈ। ਪਰ ਇਨ੍ਹਾਂ ਦੀਆਂ ਅੰਦਰਲੀਆਂ ਗਵਾਹੀਆਂ ਸਿੱਧ ਕਰਦੀਆਂ ਹਨ ਕਿ ਇਨ੍ਹਾਂ ਵਿਚ ਦਰਜ ਪਾਠ ਸਹੀ ਢੰਗ ਨਾਲ ਨਹੀਂ ਲਿਖਿਆ ਹੋਇਆ, ਕਈਆਂ ਥਾਵਾਂ ਤੋਂ ਛੁਟਿਆ ਹੋਇਆ ਹੈ, ਅੰਕ ਵੀ ਠੀਕ ਹਿਸਾਬ ਨਾਲ ਨਹੀਂ ਲਗਾਏ ਗਏ। ਫਲਸਰੂਪ ਇਨ੍ਹਾਂ ਦਾ ਲਿਖਾਰੀ ਆਪ ਇਨ੍ਹਾਂ ਵਿਚਲੀ ਬਾਣੀ/ਪਾਠ ਦਾ ਰਚੈਤਾ ਨਹੀਂ, ਕੇਵਲ ਉਤਾਰਾ ਕਰਨ ਵਾਲਾ ਹੈ।[20] ਖ਼ਾਸ ਲਿਪੀ ਗੁਰਮੁਖੀ ਅਤੇ ਦੇਵਨਾ-ਗਰੀ ਦੋਹਾਂ ਲਿਪੀਆਂ ਦਾ ਮਿਲਗੋਭਾ ਹੈ। ਸਾਧਾਰਣ ਵਿਸ਼ਵਾਸ ਅਨੁਸਾਰ ਇਹ ਲਿਪੀ 'ਤੀਰ ਦੀ ਮੁਖੀ' ਨਾਲ ਲਿਖੀ ਹੋਈ ਹੈ,[21] ਪਰ ਉਦੋਂ ਤਕ ਭਾਰਤ ਵਿਚ ਪੁਰਤਗਾਲੀ ਨਿਬ ਵੀ ਪਹੁੰਚ ਚੁਕੀ ਸੀ।

ਇਹ ਲਿਪੀ ਕਲਮ ਦੀ ਥਾਂ ਨਿਬ ਨਾਲ ਲਿਖੀ ਪ੍ਰਤੀਤ ਹੁੰਦੀ ਹੈ। ਇਸ ਲਿਪੀ ਦੀ ਲਿਖਾਵਟ ਦਾ ਸਰੂਪ ਗੁਰਮੁਖੀ ਅਤੇ ਦੇਵਨਾਗਰੀ ਤੋਂ ਭਿੰਨ ਅਤੇ ਲੰਡਿਆਂ ਦੀ ਲਿਖਾਵਟ ਦੇ ਅਨੁਰੂਪ ਹੈ। ਇਸ ਲਿਪੀ ਦਾ ਇਕ ਨਾਮਾਂਤਰ 'ਚਲੰਤ ਲਿਪੀ' ਵੀ ਹੈ ਜੋ ਇਸ ਦੇ ਲਿਖਣ ਦੇ ਸਰੂਪ ਤੋਂ ਪ੍ਰਚਲਿਤ ਹੋਇਆ ਪ੍ਰਤੀਤ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨੇ ਇਸ ਦੀ ਕਾਢ ਗੁਰੂ ਗੋਬਿੰਦ ਸਿੰਘ ਦੁਆਰਾ ਕਢੀ ਮੰਨੀ ਹੈ,[22] ਪਰ ਇਹ ਸਥਾਪਨਾ ਤੱਥਕ ਨਹੀਂ। ਅਸਲ ਵਿਚ, ਇਹ ਲਿਪੀ ਉਦੋਂ ਮੰਡੀ ਸੁਕੇਤ ਅਤੇ ਉਸ ਦੇ ਨਾਲ ਲਗਦੇ ਪਹਾੜੀ ਇਲਾਕੇ ਵਿਚ ਆਮ ਪ੍ਰਚਲਿਤ ਸੀ ਅਤੇ ਇਸ ਨੂੰ 'ਕਟੂ ਲਿਪੀ' ਨਾਂ ਦਿੱਤਾ ਜਾਂਦਾ ਸੀ।

ਇਨ੍ਹਾਂ ਖਾਸ ਪੱਤਰਾਂ ਦੀ ਬੀੜ ਵਿਚ ਸਥਿਤੀ ਇਸ ਪ੍ਰਕਾਰ ਹੈ :

| ਕ੍ਰਮਾਂਕ | ਖਾਸ-ਪੱਤਰਾ ਸੰਖਿਆ ਅੰਕ | ਉਤਾਰਾ ਪੱਤਰਾਂਕ |
|---|---|---|
| 1 | 615 | 614 |
| 2 | 744 | 738 |
| 3 | 745 | 739 |
| 4 | 746 | 740 |
| 5 | 747 | 742 |
| 6 | 748 | 743 |
| 7 | 755 | 753 |
| 8 | 756 | 754 |

20. ਵਿਸਤਾਰ ਲਈ ਵੇਖੋ : 'ਦਸਮ ਗ੍ਰੰਥ ਦਾ ਕਰਤ੍ਰਿਤਵ', ਪੰਨੇ 115–122
21. 'ਮਹਾਨ ਕੋਸ਼', ਪੰਨਾ 1252 (ੲ)
22. ਉਹੀ



ਇਹ ਖਾਸ ਪੱਤਰੇ ਮੂਲ ਰੂਪ ਵਿਚ ਨੌਂ ਸਨ, ਪਰ ਚੌਥੇ ਖਾਸ ਪੱਤਰੇ ਤੋਂ ਬਾਦ ਦਾ ਇਕ ਖਾਸ ਪੱਤਰਾ ਹੁਣ ਬੀੜ ਵਿਚ ਵਿਦਮਾਨ ਨਹੀਂ ਹੈ। ਹਾਂ, ਉਸ ਦਾ ਉਤਾਰਾ ਪੱਤਰ ਅੰਕ 741 ਤੇ ਮੌਜੂਦ ਹੈ। ਇਨ੍ਹਾਂ ਪੱਤਰਿਆਂ ਦੇ ਦੋਹਾਂ ਪਾਸੇ ਭਿੰਨ ਕਾਗ਼ਜ਼ ਦਾ ਬਾਰਡਰ ਲਗਾ ਹੋਇਆ ਹੈ ਅਤੇ ਹਰ ਇਕ ਖਾਸ ਪੰਨੇ ਤੇ 24/25 ਪੰਕਤੀਆਂ ਲਿਖੀਆਂ ਹਨ। ਹਰ ਇਕ ਪੰਨੇ ਉਤੇ ਸਜੇ-ਖਬੇ ਪੰਕਤੀਆਂ ਦੀ ਗਿਣਤੀ ਲਿਖੀ ਹੈ। ਇਨ੍ਹਾਂ ਦਾ ਕਾਗ਼ਜ਼ ਬਹੁਤ ਪੁਰਾਣਾ ਅਤੇ ਪਤਲਾ ਹੈ, ਤੇ ਰੰਗ ਮਿਟੀਆਲਾ ਜਿਹਾ ਜਾਂ ਹਲਕਾ ਨਸਵਾਰੀ ਹੈ। ਇਹ ਪੱਤਰੇ ਆਪਣੀ ਥਾਂ ਤੇ ਬਾਣੀ-ਕ੍ਰਮ ਅਨੁਸਾਰ ਹੀ ਸੰਗ੍ਰਹੀਤ ਹਨ। ਇਹ ਸਾਰੇ ਪੱਤਰੇ ਅੱਧ ਵਿਚਾਲਿਓਂ ਮੁੜੇ ਹੋਏ ਹਨ, ਸ਼ਾਇਦ ਕਿਸ ਨੇ ਸੰਭਾਲਣ ਲਈ ਇਨ੍ਹਾਂ ਨੂੰ ਦੋਹਰਾ ਕੀਤਾ ਹੋਵੇ।

ਇਤਿਹਾਸਿਕ ਦ੍ਰਿਸ਼ਟੀ ਤੋਂ ਇਹ ਬੀੜ ਸਚਮੁਚ ਬੜੀ ਮਹੱਤਵਪੂਰਣ ਹੈ। ਇਹ ਬਾਣੀ ਦਾ ਭਿੰਨ ਢੰਗ ਨਾਲ ਹੋਇਆ ਸੰਪਾਦਨ ਪੇਸ਼ ਕਰਦੀ ਹੈ ਅਤੇ ਰਵਾਇਤ ਅਨੁਸਾਰੀ ਵੀ ਹੈ। ਭਾਵੇਂ ਇਸ ਦਾ ਲਿਖਣ ਸੰਮਤ ਸੰਦਿਗਧ ਹੈ ਪਰ ਕਾਗ਼ਜ਼ ਦੀ ਪੁਰਾਤਨਤਾ ਅਤੇ ਲਿਖਾਵਟ ਦਾ ਸਰੂਪ ਇਸ ਨੂੰ ਭਾਈ ਮਨੀ ਸਿੰਘ ਦੇ ਸਮੇਂ ਦਾ ਹੀ ਸਿੱਧ ਕਰਦੇ ਹਨ।

ਬੀੜਾਂ ਦੇ ਪ੍ਰਸੰਗ ਵਿਚ ਇਕ ਹੋਰ ਗੱਲ ਕਹਿਣੀ ਜ਼ਰੂਰੀ ਬਣਦੀ ਹੈ ਕਿ ਭਾਈ ਮਨੀ ਸਿੰਘ ਦੀ ਤਥਾਕਥਿਤ ਚਿੱਠੀ ਦੇ ਵਰਣਿਤ ਵਿਸ਼ੇ ਦੇ ਆਧਾਰ ਤੇ ਭਾਈ ਸੀਹਾਂ ਸਿੰਘ ਦੁਆਰਾ ਦਿੱਲੀ ਵਿਚ ਤਿਆਰ ਕੀਤੀ 'ਦਸਮ ਗ੍ਰੰਥ' ਦੀ ਬੀੜ ਦਾ ਉਲੇਖ ਵੀ ਕਿਤੇ ਕਿਤੇ ਪੁਸਤਕਾਂ ਵਿਚ ਮਿਲਦਾ ਹੈ ਅਤੇ ਜਿਸ ਨੂੰ ਕਾਬਲ (ਅਫ਼ਗਾਨਿਸਤਾਨ) ਵਿਚ ਲਭ ਵਿਖਾਇਆ ਗਿਆ ਹੈ,[23] ਅਸਲੋਂ ਅਪ੍ਰਮਾਣਿਕ ਚਿੱਠੀ ਤੇ ਆਧਾਰਿਤ ਇਕ ਨਿਰਾਧਾਰ ਕਲਪਨਾ ਹੈ। ਭਾਈ ਮਨੀ ਸਿੰਘ ਨੇ 'ਦਸਮ ਗ੍ਰੰਥ' ਦੀ ਬਾਣੀ ਨੂੰ ਜੇ ਇਕਤਰ ਕੀਤਾ ਹੈ, ਤਾਂ ਉਹ 'ਆਦਿ-ਦਸਮ-ਗ੍ਰੰਥ' ਦੀ ਬੀੜ ਵਿਚ ਸ਼ਾਮਲ ਹੈ। ਇਸ ਤੋਂ ਭਿੰਨ ਕਿਸੇ ਬੀੜ ਦੀ ਤਿਆਰੀ ਦਾ ਉਲੇਖ ਇਤਿਹਾਸ ਵਿਚੋਂ ਨਹੀਂ ਮਿਲਦਾ।

## 6. ਭਾਈ ਮਨੀ ਸਿੰਘ ਦੀ ਚਿੱਠੀ

ਭਾਈ ਮਨੀ ਸਿੰਘ ਦੇ ਨਾਂ ਨਾਲ ਇਕ ਚਿੱਠੀ ਦਾ ਸੰਬੰਧ ਵੀ ਜੋੜਿਆ ਜਾਂਦਾ ਹੈ, ਜਿਸ ਦਾ ਫੋਟੋ-ਸਟੈਟ ਸਾਹਮਣੇ ਪੰਨੇ ਤੇ ਦਿੱਤਾ ਹੈ ਅਤੇ ਜਿਸ ਦਾ ਪਾਠ ਇਸ ਪ੍ਰਕਾਰ ਹੈ,

ੴ ਅਕਾਲ ਸਹਾਏ ॥

ਪੂਜ ਮਾਤਾ ਜੀ ਜੀ ਦੇ ਚਰਨਾ ਪਰ ਮਨੀ ਸਿੰਘ ਕੀ ਡੰਡੌਤ ਬੰਦਨਾ ॥ ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਉਨ ਪਰ ਸਾਡਾ ਸਰੀਰੁ ਵਾਯੂ ਕਾ ਅਧਿਕ ਵਿਕਾਰੀ ਹੋਇ ਗਇਆ ਹੈ ॥ ਸੁਅਸਤ ਨਾਹੀ ਰਿਹਿਆ ॥ ਤਾਪ ਕੀ ਕਥਾ ਦੋ ਬਾਰ ਸੁਨੀ ॥ ਪਰ ਮੰਦਿਰ ਕੀ ਸੇਵਾ ਮੇਂ ਕੋਈ ਆਲਕੁ ਨਾਹੀ ॥ ਦੇਸੁ ਵਿਚਿ ਖਾਲਸੇ ਕਾ ਬਲੁ ਛੂਟਿ ਗਇਆ ਹੈ ॥ ਸਿੰਘ ਪਰਬਤਾ ਬਬਾਨਾ ਵਿਚਿ ਜਾਇ ਬਸੇ ਹੈਨ ॥ ਮਲੇਛੋ ਕੀ ਦੇਸੁ ਮੇ ਦੋਹੀ ਹੈ ॥ ਬਸਤੀ ਮੇਂ ਬਾਲਕ ਜੁਵਾ ਇਸਤਰੀ

23. ਸੇਵਾ ਸਿੰਘ ਕਵੀ : 'ਸ਼ਹੀਦ ਬਿਲਾਸ', ਪੰਨਾ 48